# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ
## ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ (ਪਿਕਟਸ)

ਪੰ.ਸ.ਸਿੱ.ਬੋ. ਕੰਪਲੈਕਸ, ਈ-ਬਲਾਕ, 5ਵੀਂ ਮੰਜਿਲ, ਫੇਜ਼ 8, ਮੁਹਾਲੀ (ਫੋਨ. 0172-5212313)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ)
ਪੰਜਾਬ।

ਪੱਤਰ ਨੰ. 3/7-ICT/2012-13/HW-comp/2016/4832
ਮਿਤੀ - 12-10-2016

**ਵਿਸ਼ਾ: ਰਾਜ ਦੇ ਸਰਕਾਰੀ ਸਕੂਲਾਂ ਵਿੱਚ ਮੁਹੱਈਆ ਕਰਵਾਏ ਕੰਪਿਊਟਰ ਹਾਰਡਵੇਅਰ ਅਤੇ ਹੋਰ ਸਮਾਨ ਦਾ ਰਿਕਾਰਡ ਵਿਭਾਗ ਦੇ ਪੋਰਟਲ ਤੇ ਅੱਪਲੋਡ ਕਰਨ ਸਬੰਧੀ।**

1 ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ (ਪਿਕਟਸ) ਅਧੀਨ ਰਾਜ ਦੇ ਸਰਕਾਰੀ ਅੱਪਰ ਪ੍ਰਾਇਮਰੀ (ਮਿਡਲ, ਹਾਈ, ਸੀਨੀਅਰ ਸੈਕੰਡਰੀ) ਸਕੂਲਾਂ ਵਿੱਚ ਫੇਜ਼-ਵਾਇਜ਼ ਕੰਪਿਊਟਰ ਲੈਬਜ਼ ਸਥਾਪਿਤ ਕੀਤੀਆਂ ਗਈਆਂ ਹਨ। ਕੰਪਿਊਟਰ ਲੈਬਜ਼ ਸਥਾਪਿਤ ਕਰਨ ਦਾ ਮੁੱਖ ਉਦੇਸ਼ ਸਰਕਾਰੀ ਸਕੂਲਾਂ ਵਿੱਚ ਪੜਦੇ 6ਵੀਂ ਤੋਂ 12ਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਕੰਪਿਊਟਰ ਦੀ ਲਾਜ਼ਮੀ ਸਿੱਖਿਆ ਦੇ ਕੇ ਸਮੇਂ ਦਾ ਹਾਣੀ ਬਣਾਉਣਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਰਾਜ ਸਰਕਾਰ ਵੱਲੋਂ ਕਰੋੜਾਂ ਰੁਪਏ ਖਰਚ ਕਰਕੇ ਸਕੂਲਾਂ ਵਿੱਚ ਕੰਪਿਊਟਰ ਅਤੇ ਹੋਰ ਸਮਾਨ ਮੁਹੱਈਆ ਕਰਵਾਇਆ ਗਿਆ ਹੈ।

2 ਵਿਭਾਗ ਵੱਲੋਂ ਸਕੂਲਾਂ ਵਿੱਚ ਮੁਹੱਈਆ ਕਰਵਾਏ ਕੰਪਿਊਟਰ ਹਾਰਡਵੇਅਰ ਦਾ ਰਿਕਾਰਡ ਆਨਲਾਈਨ ਅੱਪਲੋਡ ਕਰਨ ਲਈ ਇੱਕ ਸਾਫਟਵੇਅਰ ਤਿਆਰ ਕੀਤਾ ਗਿਆ ਹੈ, ਜਿਸ ਦੀ ਸਹਾਇਤਾ ਨਾਲ ਸਾਰੇ ਹਾਰਡਵੇਅਰ ਦੀ ਡਿਟੇਲ, ਸੀਰੀਅਲ ਨੰਬਰ, ਹਾਰਡਵੇਅਰ ਦੀ ਗਿਣਤੀ ਅਤੇ ਹਾਰਡਵੇਅਰ ਦੀ ਵਰਕਿੰਗ ਆਦਿ ਦਾ ਰਿਕਾਰਡ ਆਨਲਾਈਨ ਰੱਖਿਆ ਜਾਵੇਗਾ, ਜਿਸ ਨੂੰ ਹਰ ਸਮੇਂ ਮੋਨੀਟਰ ਕੀਤਾ ਜਾਵੇਗਾ।

3 ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਹਾਰਡਵੇਅਰ (ICT labs (Ph.3,4,5), e-library, Multimedia Devices (CAL)) ਦਾ ਰਿਕਾਰਡ ਵਿਭਾਗ ਦੀ ਵੈੱਬ ਪੋਰਟਲ epunjabschool.gov.in 'ਤੇ ਅੱਪਲੋਡ ਕਰਨ ਲਈ ਸਮੂਹ ਸਕੂਲ ਮੁਖੀਆਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆ ਜਾਣ ਕਿ ਉਹ ਆਪਣੀ ਨਿਗਰਾਨੀ ਵਿੱਚ ਇਸ ਸਾਰੇ ਕੰਮ ਨੂੰ ਨੇਪਰੇ ਚੜਾਉਣ। ਰਿਕਾਰਡ ਆਨਲਾਈਨ ਕਰਨ ਸਮੇਂ ਹੇਠ ਲਿਖੇ Points ਨੂੰ ਧਿਆਨ ਵਿੱਚ ਰੱਖਿਆ ਜਾਵੇ:-

3.1) ਸਕੂਲ ਵਿੱਚ ਉਪਲਬਧ ਕੰਪਿਊਟਰ ਲੈਬਜ਼ ਦੀ ਗਿਣਤੀ ਅਤੇ ਕੰਪਿਊਟਰ ਲੈਬ ਕਿਹੜੇ ਆਈ.ਸੀ.ਟੀ. ਫੇਜ਼ ਅਧੀਨ ਬਣਾਈ ਗਈ ਹੈ ਆਦਿ ਨੂੰ ਧਿਆਨ ਨਾਲ ਭਰਿਆ ਜਾਵੇ, ਕਿਉਂਕਿ ਇੱਕ ਵਾਰ ਭਰੀ ਗਈ ਗਿਣਤੀ ਮੁੜ ਬਦਲੀ ਨਹੀਂ ਜਾ ਸਕਦੀ।

3.2) ਕੰਪਿਊਟਰ ਸਰਵਰ, ਮੋਨੀਟਰ, ਯੂ.ਪੀ.ਐਸ. ਐਲ.ਸੀ.ਡੀ., ਐਲ.ਐਫ.ਡੀ., ਕੇ-ਯਾਨ ਆਦਿ ਦਾ ਸੀਰੀਅਲ ਨੰਬਰ, ਕੰਪਨੀ Make, ਗਿਣਤੀ ਅਤੇ ਹਾਰਡਵੇਅਰ ਦੀ ਵਰਕਿੰਗ ਸਟੇਟਸ ਆਦਿ ਧਿਆਨ ਨਾਲ ਭਰਿਆ ਜਾਵੇ।

3.3) ਹਾਰਡਵੇਅਰ ਦਾ ਸੀਰੀਅਲ ਨੰਬਰ ਸਬੰਧਤ ਹਾਰਡੇਵਅਰ ਦੇ ਪਿਛਲੇ ਪਾਸੇ ਲਿਖਿਆ ਹੁੰਦਾ ਹੈ। ਸੀਰੀਅਲ ਨੰਬਰ readable ਨਾ ਹੋਣ ਜਾਂ ਇਸ ਸਬੰਧੀ ਸਕੂਲ ਵਿੱਚ ਰਿਕਾਰਡ ਉਪਲਬਧ ਨਾ ਹੋਣ ਦੀ ਸੂਰਤ ਵਿੱਚ ਜਿਲ੍ਹਾ ਹੈੱਡ ਕੁਆਰਟਰ ਜਾਂ ਆਈ.ਸੀ.ਟੀ. ਪ੍ਰੋਜੈਕਟ ਕੁਆਰਡੀਨੇਟਰ ਨਾਲ ਸੰਪਰਕ ਕੀਤਾ ਜਾਵੇ।

3.4) ਡਿਟੇਲ ਆਨਲਾਈਨ ਭਰ ਕੇ approve ਕਰਨ ਤੋਂ ਪਹਿਲਾ ਮੁੜ ਚੈੱਕ ਕਰ ਲਈ ਜਾਵੇ, ਕਿਉਂਕਿ approve ਹੋਣ ਤੋਂ ਬਾਅਦ ਕੁਝ ਵੀ ਬਦਲਿਆ ਨਹੀਂ ਜਾ ਸਕਦਾ।

3.5) ਸਾਰਾ ਰਿਕਾਰਡ ਸਕੂਲ ਮੁਖੀ ਤੋਂ ਪ੍ਰਵਾਨ ਕਰਵਾ ਕੇ ਹੀ ਆਨ-ਲਾਈਨ approve ਕੀਤਾ ਜਾਵੇ।

3.6) ਸਕੂਲ ਆਪਣੇ ਅਕਾਊਂਟ (school account) ਵਿੱਚ login ਕਰਕੇ ਆਈ.ਸੀ.ਟੀ. menu ਅਧੀਨ ਸਾਰਾ ਰਿਕਾਰਡ ਭਰਨਗੇ।

3.7) ਲੋੜ ਪੈਣ ਤੇ ਮੁੱਖ ਦਫਤਰ ਵਿਖੇ ਫੋਨ ਨੰ. 0172-5212328 ਤੇ ਸੰਪਰਕ ਕੀਤਾ ਜਾਵੇ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਪਿਕਟਸ

ਪਿੰ.ਅੰ.ਨੰ. ਉਕਤ ਮਿਤੀ: 12/10/16

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਜਾਣਕਾਰੀ ਹਿਤ ਭੇਜਿਆ ਜਾਂਦਾ ਹੈ:-

1 ਸਰਕਲ ਪ੍ਰੋਜੈਕਟ ਕੁਆਰਡੀਨੇਟਰਜ਼ (ਆਈ.ਸੀ.ਟੀ.)।

2 ਸਮੂਹ ਸਕੂਲ ਮੁਖੀ, ਅੱਪਰ ਪ੍ਰਾਇਮਰੀ ਸਕੂਲ।

3 ਸਮੂਹ ਐਮ.ਆਈ.ਐਸ. ਕੁਆਰਡੀਨੇਟਰਜ਼।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਪਿਕਟਸ

ਅੰਦਰੂਨੀ ਵੰਡ:

1 ਪੀ.ਏ. ਟੂ ਡੀ.ਜੀ.ਐਸ.ਈ. - ਜਾਣਕਾਰੀ ਹਿਤ।

2 ਡਿਪਟੀ ਮੇਨੇਜਰ, ਐਮ.ਆਈ.ਐਸ. - ਵੈੱਬਸਾਈਟ ਤੇ ਅੱਪਲੋਡ ਕਰਨ ਹਿਤ।